**GENERAL SHIVDEV SINGH DIWAN GURBACHAN SINGH**

# KHALSA COLLEGE PATIALA

**AN AUTONOMOS COLLEGE**

SAHIT SABHA

PUNJABI DEPATMENT

Students Attendance in Co-curricular Activities

Session – 2018-19

Name of Activity - Lecture on International Mother Language Day
Coordinator -Prof.Paramjit Kaur
Convener - Dr.Jaswinder Singh
Date - 21. Feb. 2019
No. of the Students Participated – 102






ਅਖਰੀ ਲਿਖਣੁ ਬੋਲਣੁ ਬਾਣਿ
ਖ਼ਾਲਸਾ ਕਾਲਜ ਪਟਿਆਲਾ
KHALSA COLLEGE PATIALA



# ਖ਼ਾਲਸਾ ਕਾਲਜ ਵਿਖੇ ਪੰਜਾਬੀ ਸਾਹਿਤ ਸਭਾ ਵੱਲੋਂ ਮਾਂ ਬੋਲੀ ਦਿਵਸ ਮਨਾਇਆ



ਪਟਿਆਲਾ, 22 ਫਰਵਰੀ (ਰੂਪਾਣਾ) : ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀ ਪੰਜਾਬੀ ਸਾਹਿਤ ਸਭਾ ਵੱਲੋਂ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਗਿਆ। ਇਸ ਦਿਵਸ ਨੂੰ ਮੁੱਖ ਰੱਖਦੇ ਹੋਏ ਡਾ. ਸੁਰਜੀਤ ਸਿੰਘ ਭੱਟੀ ਸਾਬਕਾ ਪ੍ਰਿੰਸੀਪਲ ਯੂਨੀਵਰਸਿਟੀ ਕਾਲਜ ਘਨੌਰ ਨੂੰ ਮੁੱਖ ਵਕਤਾ ਵਜੋਂ ਬੁਲਾਇਆ ਗਿਆ। ਡਾ. ਭੱਟੀ ਨੇ ਪੰਜਾਬੀ ਮਾਂ-ਬੋਲੀ ਮਹੱਤਵਪੂਰਨ ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਪੰਜਾਬੀ ਬਹੁਤ ਪ੍ਰਾਚੀਨ ਬੋਲੀ ਹੈ। ਇਹ ਬੋਲੀ ਸੰਸਕ੍ਰਿਤ ਦਾ ਹੀ ਇਕ ਵਿਕਸਿਤ ਰੂਪ ਹੈ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਭਾਸ਼ਾ ਤੇ ਮਨੁੱਖ ਕਦੇ ਵੀ ਇਕ ਥਾਂ 'ਤੇ ਨਹੀਂ ਠਹਿਰਦੇ ਜੇ ਠਹਿਰ ਗਏ ਤਾਂ ਖਤਮ ਹੋਣਗੇ। ਡਾ. ਭੱਟੀ ਨੇ ਕਿਹਾ ਕਿ ਕਿਸੇ ਵੀ ਭਾਸ਼ਾ ਦੇ ਖਤਮ ਹੋਣ ਦਾ ਕਾਰਨ ਬੰਦੇ ਨਹੀਂ ਬਲਕਿ ਇਕ ਵਰਤਾਰਾ ਹੁੰਦਾ ਹੈ। ਉਹਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਬਾਣੀ 'ਚੋਂ ਹਵਾਲੇ ਦਿੰਦੇ ਹੋਏ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਧਨੀ ਰਾਮ ਚਾਤ੍ਰਿਕ ਆਦਿ ਦੀਆਂ ਕਾਵਿ-ਤੁੱਕਾਂ ਦੇ ਹਵਾਲੇ ਨਾਲ ਮਾਂ-ਬੋਲੀ ਪੰਜਾਬੀ ਦੇ ਸਬੰਧ ਵਿਚ ਬਹੁਤ ਹੀ ਭਾਵਪੂਰਤ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਮਾਤ ਭਾਸ਼ਾ ਦਿਵਸ ਦੇ ਪਿਛੋਕੜ ਬਾਰੇ ਆਪਣੇ ਸੰਖੇਪ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਸਾਨੂੰ ਆਪਣੀ ਮਾਂ-ਬੋਲੀ, ਵਿਰਸੇ ਤੇ ਸਭਿਆਚਾਰ ਨਾਲ ਜੁੜਨ ਦੀ ਬਹੁਤ ਲੋੜ ਹ। ਅਸੀਂ ਆਪਣੇ ਵਿਰਸੇ ਦੇ ਸੂਖ਼ਮ ਪਹਿਲੂਆਂ ਨੂੰ ਪਹਿਚਾਣੀਏ ਤੇ ਉਸ ਅਨੁਸਾਰ ਜੀਵਨ ਬਤੀਤ ਕਰੀਏ। ਪ੍ਰਿੰਸੀਪਲ ਨੇ ਕਿਹਾ ਕਿ ਮਾਂ-ਬੋਲੀ ਨੂੰ ਬੋਲਦੇ-ਪੜ੍ਹਦੇ ਸਾਨੂੰ ਹੀਣਤਾ ਮਹਿਸੂਸ ਨਹੀਂ ਹੋਣੀ ਚਾਹੀਦੀ। ਮਨੁੱਖ ਆਪਣੇ ਸੂਖ਼ਮ ਜਜ਼ਬਾਤਾ ਦਾ ਪ੍ਰਗਟਾਵਾ ਸੌ ਫੀਸਦੀ ਆਪਣੀ ਮਾਂ-ਬੋਲੀ ਵਿਚ ਹੀ ਕਰ ਸਕਦਾ ਹੈ। ਪ੍ਰੋ. ਪਰਮਜੀਤ ਕੌਰ, ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਨੇ ਇਸ ਮੌਕੇ ਡਾ. ਭੱਟੀ ਦਾ ਵਿਦਿਆਰਥੀਆਂ ਨਾਲ ਮਾਤ ਭਾਸ਼ਾ ਸਬੰਧੀ ਮੁੱਲਵਾਨ ਵਿਚਾਰ ਸਾਂਝੇ ਕਰਨ ਲਈ ਧੰਨਵਾਦ ਕੀਤਾ।

# मातृभाषा हेरिटेज और कल्चर के लिए महत्त्वपूर्ण



पटियाला| खालसा कॉलेज की पंजाबी लिटरेरी सोसायटी ऑफ पोस्ट ग्रेजुएट डिपार्टमेंट ने इंटरनेशनल मदर लैंग्वेज डे मनाया। यूनिवर्सिटी कॉलेज घनौर के पूर्व प्रिंसिपल सुरजीत सिंह भट्टी चीफ गेस्ट रहे। प्रिंसिपल डॉ. धर्मेंद्र सिंह ने स्टूडेंट को मदर लैंग्वेज के बारे में बताया। कहा कि यह हमारे हेरिटेज और कल्चर के लिए बहुत महत्वपूर्ण महत्त्वपूर्ण है।